CLASS : 10th (Secondary) Code No. 4210

Series : Sec. M/2019

ਰੋਲ ਨੰ. | | | | | | | | | | |

**SET : C**

# ਪੰਜਾਬੀ

## PUNJABI

*(Academic/Open)*

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸ਼ਨ-ਪੱਤਰ ਵਿੱਚ ਛਪੇ ਪੰਨਿਆ ਦੀ ਸੰਖਿਆ **8** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੈਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਣ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜ਼ਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਵਿਦਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



StudentSuvidha.com
downloaded from
NOTES and PAPERS at StudentSuvidha.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ :

$1 \times 4 = 4$

(i) ਦੀਦਾਰ ਦਾ ਬਸਤਾ ਬਹੁਤ ਸੁੰਦਰ ਹੈ। ਵਾਕ ਵਿਚ 'ਦੀਦਾਰ' ਸ਼ਬਦ ਦਾ ਕਾਰਕ ਹੈ :

(ੳ) ਕਰਨ ਕਾਰਕ

(ਅ) ਸੰਬੰਧ ਕਾਰਕ

(ੲ) ਕਰਤਾ ਕਾਰਕ

(ਸ) ਅਪਾਦਾਨ ਕਾਰਕ

(ii) ਮੈਂ ਆਪਣੇ-ਆਪ ਚਲਾ ਜਾਵਾਂਗਾ। ਵਾਕ ਵਿਚ 'ਆਪਣੇ-ਆਪ' ਸ਼ਬਦ ਹੈ :

(ੳ) ਪ੍ਰਸ਼ਨਵਾਚਕ ਪੜਨਾਂਵ

(ਅ) ਸੰਬੰਧਵਾਚਕ ਪੜਨਾਂਵ

(ੲ) ਨਿੱਜ ਵਾਚਕ ਪੜਨਾਂਵ

(ਸ) ਪੁਰਖਵਾਚਕ ਪੜਨਾਂਵ

(iii) ਸ਼ੁੱਧ ਸ਼ਬਦ ਚੁਣੋ :

(ੳ) ਤੀਹ (ਅ) ਅਉਖਾ

(ੲ) ਕੰਗਾ (ਸ) ਔਸਵਾਲ



downloaded from StudentSuvidha.com

NOTES and PAPERS at StudentSuvidha.com

(iv) ਜਿਸ ਤਨ ......., ਸੋ ਤਨ ਜਾਣੇ। ਅਖਾਣ ਪੂਰੀ ਕਰੋ :

(ੳ) ਦਰਦ (ਅ) ਲਾਗੇ

(ੲ) ਥਕਾਵਟ (ਸ) ਗੰਦਗੀ

**2.** (i) ਰੂਪਜੋਤ ਸਭ ਤੋਂ ਵੱਧ ਸ਼ਰਾਰਤੀ ਹੈ। (ਨਾਂਹ ਵਾਚਕ ਵਾਕ ਬਣਾਓ) 1

(ii) ਤੁਸੀਂ ਕੀ ਕੰਮਕਾਰ ਕਰਦੇ ਹੋ ? (ਬਿਨੈ ਵਾਚਕ ਵਾਕ ਬਣਾਓ) 1

(iii) ਉਸ ਨੇ ਨਵੀਂ <u>ਸਾੜ੍ਹੀ</u> ਖਰੀਦੀ। (ਲਕੀਰੇ ਸ਼ਬਦ ਦੀ ਪਦਵੰਡ ਕਰੋ) 1

(iv) 'ਦਾਰ' ਪਿਛੇਤਰ ਤੋਂ ਇਕ ਸ਼ਬਦ ਬਣਾਓ। 1

**3.** ਮਿਲਖਾ ਸਿੰਘ ਦਾ ਭਰਾ ਵੱਡਾ ਮੁਲਤਾਨ ਵਿਚ ਫ਼ੌਜ ਸੀ।

(ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਹਾਏ ਕਿੰਨੇ ਸੁੰਦਰ ਫੁੱਲ ਲੱਗੇ ਹਨ ਇਕ ਕੁੜੀ ਨੇ ਦੂਜੀ ਕੁੜੀ ਨੂੰ ਅਖਿਆ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਕੰਨਾਂ ਉਪਰ ਜੂੰ ਨਾ ਸਰਕਣੀ

(ii) ਦੰਗ ਰਹਿ ਜਾਣਾ

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਭਾਵੇਂ ਪੂਰਬ ਬਹੁਤ ਸਾਰੇ ਵਹਿਮਾਂ ਦਾ ਘਰ ਹੈ, ਪਰ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਪੱਛਮ ਵਹਿਮਾਂ ਤੋਂ ਮੁਕਤ ਹੈ। ਯੂਰਪੀਆਂ ਵਿਚ ਵੀ ਅਸੀਂ



downloaded from StudentSuvidha.com
l NOTES and PAPERS at StudentSuvidha.com

ਦੇਖਦੇ ਹਾਂ ਕਿ ਬਹੁਤ ਸਾਰੇ ਲੋਕ ਤੇਰ੍ਹਾਂ ਦੇ ਅੰਕ ਨੂੰ ਅਸੁਖਾਵਾਂ ਮੰਨਦੇ ਹਨ। ਉਹਨਾਂ ਵਾਸਤੇ ਗਿੱਦੜ ਦਾ ਹਵਾਂਕਣਾਂ ਬਦਸ਼ਗਨੀ ਹੈ। ਇਸੇ ਤਰ੍ਹਾਂ ਉੱਲੂ ਨੂੰ ਉਹ ਨਹਿਸ਼ ਮੰਨਦੇ ਹਨ। ਭਾਰਤ ਵਿਚ ਵੀ ਕਈ ਲੋਕ ਵਹਿਮੀ ਹਨ। ਹਫ਼ਤੇ ਦੇ ਖਾਸ ਦਿਨਾਂ ਤੇ ਉਹ ਸਫ਼ਰ ਤੇ ਜਾਣਾ ਪਸੰਦ ਨਹੀਂ ਕਰਦੇ। ਜੋਤਸ਼ੀਆਂ ਤੋਂ ਵਿਆਹ-ਸ਼ਾਦੀਆਂ ਦੀ ਰਸਮ ਲਈ ਉਚਿਤ ਦਿਨ ਮਿਥਣ ਵਾਸਤੇ ਸਲਾਹ ਲਈ ਜਾਂਦੀ ਹੈ। ਅੰਧ ਵਿਸ਼ਵਾਸ ਲੋਕਾਂ ਦੇ ਮਨਾਂ ਵਿਚ ਇਕ ਡਰ ਪੈਦਾ ਕਰ ਦਿੰਦਾ ਹੈ। ਵਹਿਮ ਦੇਸ਼ ਦੀ ਤੱਰਕੀ ਦੇ ਰਾਹ ਵਿਚ ਰੁਕਾਵਟ ਹਨ। ਸਿੱਖਿਆ ਦੇ ਪਸਾਰ ਤੇ ਅਨਪੜ੍ਹਤਾ ਖ਼ਤਮ ਕਰਨ ਨਾਲ ਵਹਿਮ ਵਾਲੇ ਵਿਸ਼ਵਾਸ ਅਲੋਪ ਹੋ ਜਾਣਗੇ।

(i) ਪੱਛਮ ਦੇ ਲੋਕ ਕਿਹੜੇ-ਕਿਹੜੇ ਵਹਿਮ ਕਰਦੇ ਹਨ ? 2

(ii) ਭਾਰਤੀ ਲੋਕਾਂ ਦੇ ਵਹਿਮਾਂ ਨੂੰ ਲਿਖੋ। 2

(iii) ਵਹਿਮਾਂ ਨੂੰ ਕਿਵੇਂ ਖ਼ਤਮ ਕੀਤਾ ਜਾ ਸਕਦਾ ਹੈ ? 1

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਨਾਨਕ ਦੇਵ

(ii) ਬੇਰੁਜਗਾਰੀ

(iii) ਪਾਣੀ ਦਾ ਮਹੱਤਵ

(iv) ਵਧ ਰਹੀ ਨਸ਼ਾਖੋਰੀ

(v) ਕਿਸੇ ਤੀਰਥ ਅਸਥਾਨ ਦੀ ਯਾਤਰਾ



downloaded from StudentSuvidha.com

NOTES and PAPERS at StudentSuvidha.com

**8.** ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਗਰੀਬੀ ਦੀ ਹਾਲਤ ਦੱਸ ਕੇ ਫ਼ੀਸ ਮੁਆਫੀ ਲਈ ਬੇਨਤੀ ਪੱਤਰ ਲਿਖੋ। 5

**ਜਾਂ**

ਆਪਣੇ ਰਾਜ ਦੇ ਸਿੱਖਿਆ ਮੰਤਰੀ ਨੂੰ ਇਲਾਕੇ ਵਿਚ ਕਾਲਜ ਖੋਲਣ ਲਈ ਇਕ ਮੰਗ ਪੱਤਰ ਲਿਖੋ।

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਧਰਤੀ ਸੰਗ ਹੋਂਦ ਵਿਚ ਆਏ, ਹੁੰਦਾ ਏ ਪ੍ਰਤੀਤ।
ਮਾਨਵਤਾ ਦੀ ਕਰਨਗੇ ਸੇਵਾ, ਰਹਿੰਦੀ ਦੁਨੀਆ ਤੀਕ।
ਰੁੱਖਾਂ ਚੋਂ ਹੀ ਲੱਭਣਾ ਸਾਨੂੰ ਕੁਦਰਤ ਦਾ ਸਿਰਨਾਂਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

**ਜਾਂ**

ਚਲੋ ਆਓ ! ਕੰਡਿਆਲੀ ਤਾਰ ਨੂੰ ਉਖਾੜੀਏ
ਧਰਤੀ ਮਾਂ ਦੀ ਹਿੱਕ 'ਤੇ ਕੰਡਿਆਲੀਆਂ ਤਾਰਾਂ ਗਡੀਆਂ ਨੇ ਕਮਲਿਓ !
ਆਓ ! ਸਰਹੱਦ ਦੀ ਤਾਰ ਥਾਵੇਂ ਫੁੱਲ ਬੀਜੀਏ
ਫੁੱਲ ਜੋ ਮੁਹੱਬਤ ਦਾ ਸਿਰਨਾਵਾਂ ਨੇ।



downloaded from StudentSuvidha.com
NOTES and PAPERS at StudentSuvidha.com

(ii) ਪੰਜਾਬੀ ਸਭਿਆਚਾਰ ਉੱਪਰ ਪੱਛਮੀ ਪ੍ਰਭਾਵ ਪੈ ਰਿਹਾ ਹੈ। 'ਗੁੰਮ ਨੇ ਰਸੋਈ ਵਿਚੋਂ' ਕਵਿਤਾ ਦੇ ਆਧਾਰ ਤੇ ਲਿਖੋ। 3

(iii) 'ਕਿਤਾਬਤ' ਤੋਂ ਕੀ ਭਾਵ ਹੈ? 1

**10.** (i) ਸੈਰ ਕਰਨ ਦੇ ਕੀ-ਕੀ ਲਾਭ ਹਨ? 3

(ii) ਕੀ ਤੁਸੀਂ ਆਪਣੇ ਅੰਦਰਲੀ ਬੁੱਧੀ ਨੂੰ ਪਛਾਣਨ ਦਾ ਜਤਨ ਕੀਤਾ ਹੈ? ਇਸ ਬਾਰੇ ਵਿਸਥਾਰ ਨਾਲ ਲਿਖੋ। 3

(iii) ਹੰਕਾਰੀ ਮਨੁੱਖ ਤੋਂ ਕਿਵੇਂ ਬਚਿਆ ਜਾ ਸਕਦਾ ਹੈ? 2

(iv) ਆਸਟ੍ਰੇਲਿਆ ਦੇ ਕੌਮੀ ਜਾਨਵਰ ਦਾ ਨਾਂ ਦੱਸੋ। 1

**11.** (i) ਕਹਾਣੀ ਵਿਚ ਈਅਰ ਫ਼ੋਨ ਦੇ ਕਿਹੜੇ ਬੁਰੇ ਪ੍ਰਭਾਵ ਦੱਸੇ ਗਏ ਹਨ? 3

(ii) ਵੰਦਨਾ ਅਤੇ ਅਰਚਨਾ ਦੀ ਫੁੱਲ ਬੂਟਿਆਂ ਨਾਲ ਕਿਹੋ ਜਿਹੀ ਸਾਂਝ ਹੈ? ਬਿਆਨ ਕਰੋ। 3

(iii) ਰਜਨੀ, ਸੱਪ ਨੂੰ ਕਿਵੇਂ ਕਾਬੂ ਕਰਦੀ ਹੈ? 2

(iv) 'ਨਾਨੀ ਦਾ ਪਿਆਰ' ਕਹਾਣੀ ਕਿਸ ਦੀ ਰਚਨਾ ਹੈ? 1

**12.** (i) 'ਬੇਬੇ ਰਾਮ ਭਜਨੀ ਦਾ ਚਰਿੱਤਰ ਆਪਣੇ ਸ਼ਬਦਾਂ ਵਿਚ ਲਿਖੋ। 5

**ਜਾਂ**

ਭ੍ਰਿਸ਼ਟਾਚਾਰ ਤੇ ਰਾਜ-ਪ੍ਰਬੰਧ ਦਾ ਬਹੁਤ ਨਜਦੀਕੀ ਵਾਲਾ ਸੰਬੰਧ ਹੈ? ਇਸ ਨੂੰ ਦੂਰ ਕਰਨ ਲਈ ਆਪਣੇ ਸੁਝਾਵਾਂ ਉਪਰ ਰੌਸ਼ਨੀ ਪਾਉ।

(ii) ਕਿਸਾਨ, ਰਾਜੇ ਤੇ ਵਜੀਰ ਨੂੰ ਕਿਵੇਂ ਮਾਰਦਾ-ਕੁੱਟਦਾ ਹੈ ਅਤੇ ਕਿਉਂ? 3

(iii) ਰਾਮ ਭਜਨੀ ਨੇ ਰੇਸ਼ਮੀ ਕੁੜਤੇ ਕਿਸ ਲਈ ਰੱਖੇ ਸਨ? 1

(iv) 'ਬੇਬੇ ਰਾਮ ਭਜਨੀ' ਇਕਾਂਗੀ ਕਿਸ ਦੀ ਰਚਨਾ ਹੈ? 1



downloaded from StudentSuvidha.com

All NOTES and PAPERS at StudentSuvidha.com

**13.** (i) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਉੱਤੇ ਰੌਸ਼ਨੀ ਪਾਉ। 3

(ii) ਧਰਮ ਬਾਰੇ ਡਾ० ਕਲਾਮ ਦੇ ਕੀ ਵਿਚਾਰ ਸਨ ? 3

(iii) ਨਾਨਕ ਸਿੰਘ ਦੇ ਕਿਹੜੇ ਨਾਵਲ ਦੀ ਕਹਾਣੀ ਉਪਰ ਹਿੰਦੀ ਫਿਲਮ ਬਣੀ ? ਇਸ ਫਿਲਮ ਨੂੰ ਕਿਸ ਨੇ ਬਣਾਇਆ ? 2

(iv) 1958 ਦੀਆਂ ਟੋਕੀਓ ਏਸੀਆਈ ਖੇਡਾਂ ਵਿਚ ਮਿਲਖਾ ਸਿੰਘ ਮੂਹਰੇ ਕਿਹੜਾ ਖਿਡਾਰੀ ਸਭ ਤੋਂ ਵੱਡੀ ਚੁਣੌਤੀ ਸੀ ? 1

**14.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) 'ਮਾਣ ਪੰਜਾਬੀ ਦਾ' ਕਵਿਤਾ ਦਾ ਕਵੀ ਹੈ :

(ੳ) ਡਾ० ਸੁਦਰਸ਼ਨ ਗਾਸੋ

(ਅ) ਕੁਲਵੰਤ ਸਿੰਘ ਰਫ਼ੀਕ

(ੲ) ਸ਼ਾਹ ਹੁਸੈਨ

(ਸ) ਗੁਰੂ ਅਮਰਦਾਸ ਜੀ

(ii) 'ਨਾਨੀ ਦਾ ਪਿਆਰ' ਕਹਾਣੀ ਦੀ ਘਟਨਾ ਵਾਪਰਦੀ ਹੈ :

(ੳ) ਲਾਹੌਰ ਸ਼ਹਿਰ ਵਿਚ

(ਅ) ਜਲੰਧਰ ਵਿਚ

(ੲ) ਅੰਮ੍ਰਿਤਸਰ ਸ਼ਹਿਰ ਵਿਚ

(ਸ) ਬਠਿੰਡਾ ਸ਼ਹਿਰ ਵਿਚ



downloaded from StudentSuvidha.com
All NOTES and PAPERS at StudentSuvidha.com

(iii) ਲੇਖਕ ਨਾਲ ਕੁੜੀਆਂ ਦਾ ਕਾਫਲਾ ਕਿਸ ਵਾਦੀ ਵਲ ਜਾ ਰਿਹਾ ਸੀ ?

(ੳ) ਸ਼ਿਮਲਾ ਵਾਦੀ ਵਲ

(ਅ) ਕਸ਼ਮੀਰ ਵਾਦੀ ਵਲ

(ੲ) ਸੇਲਾਂਗ ਵਾਦੀ ਵਲ

(ਸ) ਮਨਾਲੀ ਵਾਦੀ ਵਲ

(iv) ਮਿਲਖਾ ਸਿੰਘ ਹੋਰੀਂ ਕਿੰਨੇ ਭੈਣ-ਭਰਾ ਸਨ ?

(ੳ) ਚਾਰ

(ਅ) ਪੰਜ

(ੲ) ਸੱਤ

(ਸ) ਅੱਠ

downloaded from StudentSuvidha.com



ad all NOTES and PAPERS at StudentSuvidha.com